# ਲਾਈਫਲਾਈਨ [LIFELINE] 'ਤੇ ਇਕ ਝਾਤ

VICTORIA LIFELINE
Safe and independent living.

## ਵਿਸ਼ਵਾਸ ਅਤੇ ਸੁਤੰਤਰਤਾ ਨੂੰ ਵਧਾਉਣਾ



***Lifeline* ਦੀ ਵਿਅਕਤੀਗਤ ਪ੍ਰਤੀਕਰਮ ਸੇਵਾ ਕੀ ਹੈ ?** ਬਜ਼ੁਰਗ ਬਾਲਗ਼ਾਂ ਨੂੰ, ਇਕ ਡਾੱਕਟਰੀ ਐਮਰਜੈਂਸੀ ਜਾਂ ਜਦੋਂ ਮਦਦ ਚਾਹੀਦੀ ਹੈ, ਸਮੇਂ ਤੁਰੰਤ ਸਹਾਇਤਾ ਹਾਸਿਲ ਕਰਨ ਲਈ ਦੋਸਤਾਨਾ, ਹਮਦਰਦੀ ਵਾਲੀ ਹਿਮਾਇਤ ਦਿੱਤੀ ਜਾਂਦੀ ਹੈ। 1974 ਤੋਂ Lifeline ਨੇ ਲੱਖਾਂ ਬਜ਼ੁਰਗਾਂ ਅਤੇ ਅਪੰਗਤਾ ਵਾਲੇ ਲੋਕਾਂ ਨੂੰ ਘਰ 'ਚ ਪੂਰੇ ਵਿਸ਼ਵਾਸ ਨਾਲ ਜੀਣ ਵਿਚ ਮਦਦ ਕੀਤੀ ਹੈ। ਉਹਨਾਂ ਦੇ ਪਰਿਵਾਰ ਅਤੇ ਸਿਹਤ ਸਹਾਇਤਾ ਪ੍ਰਦਾਨ ਕਰਨ ਵਾਲਿਆਂ ਨੂੰ ਇਹ ਜਾਣਕੇ ਮਨ ਦੀ ਸ਼ਾਂਤੀ ਰਹਿੰਦੀ ਹੈ ਕਿ Lifeline ਸੇਵਾ ਜਦੋਂ ਵੀ ਮਦਦ ਦੀ ਲੋੜ ਹੋਵੇਗੀ, ਉਚਿਤ ਮਦਦ ਭੇਜੇਗੀ।

### *ਇਹ ਸੇਵਾ ਵਰਤੋਂ 'ਚ ਅਸਾਨ ਹੈ।।*

ਜਦੋਂ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਤੁਸੀਂ ਆਪਣੇ ਗਲੇ ਦੁਆਲੇ ਪੈਂਡਲ ਵਾਂਗ ਲਟਕਾਏ ਜਾਂ ਆਪਣੇ ਗੁੱਟ 'ਤੇ ਬੰਨੇ, ਪਾਣੀ ਤੋਂ ਬਚਾਅ ਵਾਲੇ ਵਿਅਕਤੀਗਤ ਮਦਦ ਬਟਨ [Personal Help Button] ਨੂੰ ਦਬਾਓ। ਇਕ ਸੈਕਿੰਡ ਵਿਚ ਹੀ, ਇਕ ਸਰਟੀਫਾਈਡ Lifeline ਮਾੱਨੀਟਰ ਪ੍ਰਤੀਕਰਮ ਦਏਗਾ, ਹਾਲਤ ਦਾ ਮੁਲਾਂਕਣ ਕਰੇਗਾ ਅਤੇ ਉਚਿਤ ਮਦਦ, ਭਾਂਵੇ ਇਹ ਗੁਆਂਢੀ ਹੈ, ਰਿਸ਼ਤੇਦਾਰ ਹੈ ਜਾਂ ਐਂਬੂਲੈਂਸ ਹੋਵੇ, ਭੇਜੇਗਾ।

***ਜਦੋਂ ਮੈ ਬਟਨ ਦਬਾਵਾਂਗਾ/ਦਬਾਵਾਂਗੀ, ਤਾਂ ਕੌਣ ਜੁਆਬ ਦਏਗਾ ?*** Lifeline ਮਾੱਨੀਟਰਸ ਵਿਆਪਕ ਸਿਖਲਾਈ ਹਾਸਿਲ ਕਰਦੇ ਹਨ ਅਤੇ ਚਲ ਰਹੀ ਸਰਟੀਫਿਕੇਸ਼ਨ, ਉਹਨਾਂ ਨੂੰ ਇਕ ਸਮੇਂਬੱਧ, ਮੁਕੰਮਲ, ਦੇਖਭਾਲ ਵਾਲੇ ਅਤੇ ਪੇਸ਼ੇਵਰ ਤਰੀਕੇ ਨਾਲ ਹਰੇਕ ਹਾਲਤ ਨਾਲ ਨਜਿੱਠਣ ਦੇ ਯੋਗ ਬਣਾਉਂਦੀ ਹੈ।

### *Lifeline ਨਾਲ ਮਦਦ ਯਕੀਨੀ ਹੈ।*

Lifeline ਸਿਰਫ਼ ਡਾਕਟਰੀ ਐਮਰਜੈਂਸੀਆਂ ਲਈ ਨਹੀਂ ਹੈ। Lifeline ਮੰਜ਼ੂਰੀ ਦਿੰਦਾ ਹੈ ਕਿ ਤੁਸੀਂ :

- ਇਕ ਹੈਂਡਸੈਟ ਨੂੰ ਫੜਨ ਲਈ ਦੌੜਨ ਅਤੇ ਡਿਗਣ ਦੇ ਖ਼ਤਰੇ ਤੋਂ ਬਿਨਾਂ ਟੈਲੀਫ਼ੋਨ ਚੁੱਕੋ
- ਇਹ ਜਾਣਕੇ, ਮਨ ਦੀ ਸ਼ਾਂਤੀ ਬਣਾਈ ਰਖੋ, ਕਿ ਮਦਦ ਸਿਰਫ਼ ਇਕ ਬਟਨ ਦੇ ਦਬਾਉਣ ਜਿੰਨੀ ਹੀ ਦੂਰ ਹੈ
- ਆਪਣੇ ਠੀਕ ਹੋਣ ਦੇ ਜ਼ੋਰਦਾਰ ਅਹਿਸਾਸ ਨੂੰ ਮਹਿਸੂਸ ਕਰੋ

***ਇਸ ਸੇਵਾ 'ਤੇ ਕਿੰਨਾ ਖ਼ਰਚਾ ਆਉਂਦਾ ਹੈ ?*** ਤੁਹਾਨੂੰ Lifeline ਵਿਅਕਤੀਗਤ ਪ੍ਰਤੀਕਰਮ ਸੇਵਾ [Personal Response Service] ਮਿਲੇਗੀ, ਫ਼ੀ ਦਿਨ, ਇਕ ਡਾਲਰ ਤੋਂ ਥੋੜਾ ਵੱਧ ਖ਼ਰਚ ਨਾਲ। ਤੁਹਾਨੂੰ ਕੁਝ ਵੀ ਖਰੀਦਣ ਜਾਂ ਲੰਮੀ ਮਿਆਦ ਦੀ ਕੋਈ ਵਚਨਬੱਧਤਾ ਕਰਨ ਦੀ ਲੋੜ ਨਹੀਂ ਹੈ।

***ਆਪਣੀ Lifeline ਹਾਸਿਲ ਕਰਨ ਲਈ ਅੱਜ ਫ਼ੋਨ ਕਰੋ।***

### ਲਾਈਫਲਾਈਨ *Lifeline*

- ਤੁਹਾਨੂੰ ਅਤੇ ਤੁਹਾਡੇ ਪਰਿਵਾਰ ਲਈ ਮਨ ਦੀ ਸ਼ਾਂਤੀ ਮੁਹਈਆ ਕਰਦੀ ਹੈ।
- ਤੁਹਾਡੇ ਨਾਲ ਉਦੋਂ ਹੈ, ਜਦੋਂ ਹੋਰ ਤੁਹਾਡੇ ਨਾਲ ਨਹੀਂ ਹੋ ਸਕਦੇ- ਦਿਨ ਦੇ 24 ਘੰਟੇ, ਸਾਲ ਦੇ 365 ਦਿਨ।
- ਵਰਤੋਂ ਲਈ ਅਸਾਨ ਹੈ - ਮਦਦ ਸਿਰਫ਼ ਇਕ ਬਟਨ ਦੇ ਦਬਾਉਣ ਜਿੰਨੀ ਹੀ ਦੂਰ ਹੈ।
- ਤੁਹਾਨੂੰ, ਤੁਹਾਡੇ ਘਰ ਵਿਚ ਅਜ਼ਾਦੀ ਨਾਲ ਰਹਿਣ ਦੇ ਸਮਰੱਥ ਬਣਾਉਂਦੀ ਹੈ।






# Victoria Lifeline

# (204) 956-6777

**www.victorialifeline.ca**


PUNJABI